ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਜਨਵਰੀ-ਮਾਰਚ 2021



ਮੁੱਲ : 75 ਰੁਪਏ

RNI : JKPUN/2002/6333

ISSN : 2456 - 253X

## ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

# ਆਬਰੂ

ਸਾਲ : 20 ਅੰਕ : 1 - 3
ਜਨਵਰੀ-ਮਾਰਚ 2021

**ਸੰਪਾਦਕ**
ਬਲਜੀਤ ਸਿੰਘ ਰੈਨਾ
ਮੋਬਾ : 97976-57211

**ਸੰਪਾਦਕ ਮੰਡਲ**
ਡਾ. ਮੋਨੋਜੀਤ
ਮੋਬਾ : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 95966-52796
ਜੰਗ ਐਸ. ਵਰਮਨ
ਮੋਬਾ : 94192-10834

**ਸਹਾਇਕ ਸੰਪਾਦਕ**
ਸੁਰਿੰਦਰ ਨੀਰ*
ਮੋਬਾ : 96220-06304
ਰਾਜਵੀਰ ਸਿੰਘ
ਮੋਬਾ : 84920-05225
ਗੁਰਪ੍ਰੀਤ ਕੌਰ
ਮੋਬਾ : 99060-03940

**ਕਨੇਡਾ ਪ੍ਰਤੀਨਿਧ**
ਡਾ. ਅਰਵਿੰਦਰ ਕੌਰ
ਮੋਬਾ : +1 416-450-0554

ਈਮੇਲ : baljeetraina58@gmail.com
ਮੁੱਲ : ਇਕ ਕਾਪੀ 75 ਰੁਪਏ
ਡਾਕ ਦੁਆਰਾ 100 ਰੁਪਏ

| | | |
|---|---|---|
| ਦੇਸ਼ ਸਲਾਨਾ | : | 300 ਰੁਪਏ |
| ਡਾਕ ਦੁਆਰਾ | : | 400 ਰੁਪਏ |
| ਜੀਵਨਸਾਥ | : | 5000 ਰੁਪਏ |
| ਵਿਦੇਸ਼ ਸਲਾਨਾ | : | 30 ਡਾਲਰ, 15 ਪੌਂਡ |
| ਜੀਵਨ ਸਾਥ | : | 500 ਡਾਲਰ, 250 ਪੌਂਡ |

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।


* ਆਨਰੇਰੀ

## ਤਰਤੀਬ

ਸੰਪਾਦਕੀ : ਵਿਦਵਾਨ ਮਿੱਤਰ ਪਿਆਰੇ ਕੋਈ ਰਾਹ ਸੁਝਾਵਣ.../*ਬਲਜੀਤ ਸਿੰਘ ਰੈਨਾ/2*
ਡਾਇਰੀ : ਮੈਂ ਤੇ ਕਿਤਾਬਾਂ-6/*ਡਾ. ਮੋਨੋਜੀਤ/3*
ਵਿਸ਼ੇਸ਼ ਲੇਖ : ਭਾਰਤੀ ਮਾਨਵਤਾ ਦਾ ਪੁਨਰ ਜਨਮ/*ਦੇਵਿੰਦਰ ਸਿੰਘ ਵਿਸ਼ਵਨਾਗਰਿਕ/6*
ਕਹਾਣੀਆਂ : ਜਲਪਰੀ/*ਪਰਮਜੀਤ ਮਾਨ/9*
ਅੱਧੀ ਛੁੱਟੀ/*ਸਰਨਜੀਤ ਕੌਰ ਅਨਹਦ/13*
ਸਾਇਆ/*ਰਾਜਵੀਰ ਸਿੰਘ/18*
ਹਿੰਦੀ ਕਹਾਣੀ : ਦੁੱਖਾਂ ਦੀ ਕਟੋਰੀ ਸੁੱਖਾਂ ਦਾ ਛੱਲਾ/*ਮੂਲ ਹਿੰਦੀ : ਰੂਪਾ ਸਿੰਘ, ਅਨੁਵਾਦ : ਹਰਦੀਪ ਸਿੰਘ ਦੀਪ/23*
ਕਵਿਤਾਵਾਂ : ਨਵਾਂ ਸਾਲ, ਜ਼ਿੰਦਗੀ/*ਜੰਗ ਐੱਸ. ਵਰਮਨ/28*
ਸਿਰਜਣ ਪ੍ਰਕਿਰਿਆ : ਨਿਰਵਾਣ : ਮੇਰੀ ਨਾਵਲ ਸਿਰਜਣ ਪ੍ਰਕਿਰਿਆ/*ਡਾ. ਮਨਮੋਹਨ/29*
ਖੋਜ-ਪੱਤਰ : ਸਿੱਖ ਸਮਾਜ ਵਿੱਚ ਸਮਾਜਿਕ ਬਰਾਬਰੀ ਦਾ ਸੰਕਲਪ/*ਡਾ. ਬਲਜੀਤ ਕੌਰ/32*
: ਸੰਕਟਗ੍ਰਸਤ ਕੋਰੋਨਾ ਕਾਲ.../*ਡਾ. ਸੰਦੀਪ ਸਿੰਘ ਮੁੰਡੇ/34*
: ਕਹਾਣੀ ਦਾ ਰੰਗਮੰਚ : ਸਿਧਾਂਤ ਤੇ ਵਿਹਾਰ/*ਬਲਵਿੰਦਰ ਸਿੰਘ/37*
: ਚਰਨ ਸਿੰਘ ਕਾਵਿ : ਦਾਰਸ਼ਨਿਕ ਅਧਿਐਨ/*ਸੋਨੂੰ/42*
: ਅੰਮ੍ਰਿਤਾ ਪ੍ਰੀਤਮ ਦੇ ਉਪਨਿਆਸਾਂ ਵਿੱਚ ਨਾਰੀ/*ਕਮਲਪ੍ਰੀਤ ਕੌਰ/46*
: ਡਾ. ਜਗਤਾਰ ਦੀ ਕਵਿਤਾ ਦੇ ਕਾਵਿ ਰੂਪਾਕਾਰ/*ਡਾ. ਹਰਪ੍ਰੀਤ ਸਿੰਘ/49*
: ਮਹਾਨ ਦਾਰਸ਼ਨਿਕ ਕ੍ਰਾਂਤੀਕਾਰੀ.../*ਸੁਮਨ ਕਪੂਰ/54*
: ਪੰਜਾਬੀਓ! ਜੀਣਾ ਹੈ ਕਿ ਮਰਨਾ :.../*ਡਾ. ਹਰਜਿੰਦਰ ਸਿੰਘ/57*
: ਗੁਰੂ ਗ੍ਰੰਥ ਸਾਹਿਬ ਵਿੱਚ ਰਾਜਨੀਤਿਕ.../*ਸਿਮਰਜੀਤ ਕੌਰ/60*
: ਪੰਜਾਬੀ ਸਿਨੇਮਾ : ਵਿਭਿੰਨ ਪਾਸਾਰ.../*ਪ੍ਰੋ. ਗੁਰਪ੍ਰੀਤ ਸਿੰਘ ਬੁੱਟਰ /67*
: ਸੁਰਿੰਦਰ ਨੀਰ ਦਾ ਨਾਵਲ-ਸਭਿਆਚਾਰ ਤਣਾਅ.../*ਡਾ. ਅਮਰਜੀਤ ਸਿੰਘ/71*
: "ਨਿੰਦਰ ਘੁਗਿਆਣਵੀ ਦੀ ਵਾਰਤਕ ਸ਼ੈਲੀ– .../*ਡਾ. ਕਮਲਦੀਪ ਸਿੰਘ/74*
: ੧ਓ-ਸੰਕਲਪ, ਦਰਸ਼ਨ ਤੇ ਪਰੰਪਰਾਗਤ ਚਿੰਤਨ/*ਰੇਸ਼ਮ ਸਿੰਘ/77*
: ਪੰਜਾਬੀ ਅਤੇ ਉਰਦੂ ਦਾ ਭਾਸ਼ਾਈ ਤਅੱਲੁਕ :.../*ਅਮਰੀਕ ਸਿੰਘ/80*
: ਮੱਧਕਾਲੀ ਪੰਜਾਬੀ ਸਭਿਆਚਾਰ ਦੀ ਅਜੋਕੀ ਪ੍ਰਸੰਗਿਕਤਾ.../*ਡਾ. ਤਰਨਜੀਤ ਕੌਰ/84*
: ਗੁਰੂ ਨਾਨਕ ਬਾਣੀ ਵਿੱਚ ਪੇਸ਼.../*ਡਾ. ਕਿਰਨਦੀਪ ਸਿੰਘ/87*
: ਸਵਰਨ ਸਿੰਘ ਰਚਿਤ ਕਾਵਿ ਨਾਟਕ.../*ਪਰਮਜੀਤ ਕੌਰ/91*
: ਪੰਜਾਬ ਦੇ ਪਿੰਡਾਂ ਦੀ ਮੁੱਢਲੀ ਜਾਣ-ਪਛਾਣ/*ਗੁਲਜ਼ਾਰ ਸਿੰਘ/93*
ਵਿਅਕਤੀ ਚਿੱਤਰ : ਪਲ ਵਿੱਚ ਜੋਗੀ, ਪਲ ਵਿੱਚ ਭੋਗੀ :.../*ਸੁਖਦੇਵ ਬੈਨੀਪਾਲ/96*
ਸਮੀਖਿਆ : ਕਾਰਪੋਰੇਟ ਜਗਤ ਦੇ ਮਾਇਆ ਜਾਲ ਵਿੱਚ.../*ਨਿਰੰਜਣ ਬੋਹਾ/98*
ਗ਼ਜ਼ਲਾਂ : ਪ੍ਰੇਮ ਸਾਹਿਲ/*ii*, *ਅਜੀਤ ਸਿੰਘ 'ਮਸਤਾਨਾ'/iii*

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No.5, Kunjwani, Behind Shaheed Filling Station Jammu-180010. Editor, Baljeet Singh Raina**



# ਪੰਜਾਬੀਓ! ਜੀਣਾ ਹੈ ਕਿ ਮਰਨਾ : ਪਾਠਗਤ ਵਿਸ਼ਲੇਸ਼ਣ

— ਡਾ. ਹਰਜਿੰਦਰ ਸਿੰਘ —

ਜਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ ਦੀ ਇੱਕ ਨਾਮਵਰ ਸ਼ਖ਼ਸੀਅਤ ਸੀ। ਸਾਹਿਤ ਰਸੀਆਂ ਤੋਂ ਬਿਨਾਂ ਅਰਥ-ਸ਼ਾਸਤਰੀ, ਪੁਲਿਸ ਅਧਿਕਾਰੀ, ਸਾਇੰਸਦਾਨ ਆਦਿ ਬਹੁ-ਭਿੰਨ ਖੇਤਰਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੇ ਉਨ੍ਹਾਂ ਦੇ ਨਾਵਲਾਂ, ਕਹਾਣੀਆਂ, ਵਾਰਤਕ ਆਦਿ ਰਚਨਾਵਾਂ ਨੂੰ ਬਾਖ਼ੂਬੀ ਪੜ੍ਹਿਆ ਅਤੇ ਲੋੜੀਂਦਾ ਨੋਟਿਸ ਵੀ ਲਿਆ। ਜਸਵੰਤ ਸਿੰਘ ਕੰਵਲ ਦੀ ਇੱਕ ਵਿਲੱਖਣਤਾ ਇਹ ਹੈ ਕਿ ਉਨ੍ਹਾਂ ਨੇ ਆਪਣੇ ਸਮੇਂ ਵਿੱਚ ਚੱਲੀਆਂ ਰਾਜਸੀ ਲਹਿਰਾਂ, ਰਾਜਸੀ ਬਦਲਾਅ ਤੇ ਰਾਜਸੀ ਭਵਿੱਖ ਬਾਰੇ ਆਪਣੀ ਸਾਹਿਤ-ਸੰਵੇਦਨਾ ਵਿੱਚ ਨਿਰੰਤਰ ਚਿੰਤਨ-ਮੰਥਨ ਕੀਤਾ। 'ਪੰਜਾਬੀਓ! ਜੀਣਾ ਹੈ ਕਿ ਮਰਨਾ' ਕੰਵਲ ਦੀ ਦਸਵੀਂ ਵਾਰਤਕ ਪੁਸਤਕ ਹੈ। ਇਸ ਤੋਂ ਪਹਿਲਾਂ ਦੀਆਂ ਪੁਸਤਕਾਂ ਦੇ ਮੁੱਖ ਵਿਸ਼ੇ ਦੇਸ਼ ਵੰਡ, ਪੰਜਾਬ ਦੀ ਸਿਆਸੀ ਹਲਚਲ ਵਿੱਚ ਸਿੱਖ, ਅਕਾਲੀ ਪਾਰਟੀ ਦੀ ਸਥਿਤੀ, ਕਾਂਗਰਸ ਪਾਰਟੀ ਦੇ ਨੇਤਾਵਾਂ (ਕੇਂਦਰ ਅਤੇ ਰਾਜ) ਦਾ ਪੰਜਾਬ, ਸਿੱਖਾਂ ਬਾਰੇ ਪੱਖਪਾਤੀ ਵਿਵਹਾਰ, ਸਾਕਾ ਨੀਲਾ ਤਾਰਾ ਦੀ ਘਟਨਾ, ਪੰਜਾਬੀਆਂ ਦਾ ਵਿਦੇਸ਼ਾਂ ਨੂੰ ਜਾਣ ਦਾ ਵਧਿਆ ਰੁਝਾਨ, ਪੰਜਾਬੀ ਸੂਬੇ ਨੂੰ ਪੰਜਾਬੀਆਂ ਦੇ ਕੌਮੀ ਘਰ ਵਜੋਂ ਸੁਰੱਖਿਅਤ ਰੱਖਣ ਦੇ ਸੁਝਾਅ ਆਦਿ ਰਹੇ ਹਨ। ਇਸ ਵਿਚਾਰਅਧੀਨ ਪੁਸਤਕ ਵਿੱਚ ਵੀ ਕੰਵਲ ਪੰਜਾਬ ਨਾਲ ਸੰਬੰਧਤ ਅਜਿਹੇ ਅਨੇਕ ਮਸਲਿਆਂ ਨੂੰ ਇਤਿਹਾਸਕ ਤੱਥਾਂ ਦੀ ਨਵੀਨਤਾ ਵਿੱਚ ਰੱਖਕੇ ਪ੍ਰਸਤੁਤ ਕਰਦਾ ਹੈ।

ਪੁਸਤਕ ਦਾ ਸਿਰਲੇਖ 'ਪੰਜਾਬੀਓ! ਜੀਣਾ ਹੈ ਕਿ ਮਰਨਾ' ਇਹ ਸੰਕੇਤ ਕਰਦਾ ਹੈ ਕਿ ਪੰਜਾਬੀਆਂ ਦੇ ਜਿਉਣ ਜਾਂ ਮਰਨ ਦੀ ਘੜੀ ਆ ਗਈ ਹੈ। ਇੱਕਵੀਂ ਸਦੀ ਵਿੱਚ ਦੇ ਪਹਿਲੇ ਦਹਾਕੇ ਵਿੱਚ ਪੰਜਾਬੀਆਂ ਲਈ ਜਿਉਣ ਜਾਂ ਮਰਨ ਵਾਲੀ ਸਥਿਤੀ ਨੂੰ ਭਾਪਦਾ ਹੋਇਆ ਕੰਵਲ ਲਿਖਦਾ ਹੈ ਕਿ :

1. ਪੰਜਾਬ ਦੇ ਕਾਂਗਰਸੀਆਂ ਦੀਆਂ ਗ਼ਦਾਰੀਆਂ, ਬੱਜਰ ਗਲਤੀਆਂ ਅਤੇ ਅਕਾਲੀ ਭਾਈਆਂ ਦੀਆਂ ਬੇਪ੍ਰਵਾਹ ਉਕਾਈਆਂ ਨੇ ਪੰਜਾਬ ਨੂੰ ਹਰ ਪੱਖੋਂ ਬੇਦਿਲਾ ਕਰਕੇ ਰੱਖ ਦਿੱਤਾ ਹੈ।...ਪੰਜਾਬ ਹੱਡਾਂ ਦਾ ਢਾਂਚਾ ਤਾਂ ਖੜ੍ਹਾ ਦਿਸਦਾ ਹੈ ਪਰ ਅੰਦਰੋਂ ਕਰਜ਼ੇ, ਗਰੀਬੀ, ਜਾਨ ਮਾਰੂ ਨਸ਼ਿਆਂ ਨੇ ਅਸਲੋਂ ਚੱਟ ਲਿਆ ਹੈ। ਅਮੀਰ ਦੇਸ਼ਾਂ ਦੀ ਖਿੱਚ ਨੇ ਨੌਜਵਾਨਾਂ ਹੱਥੋਂ ਕੰਮ ਛੁਡਵਾ ਦਿੱਤੇ। ਭੈੜੇ-ਭੈੜੇ ਨਸ਼ਿਆਂ ਕੜੀਆਂ ਵਰਗੇ ਜਵਾਨ ਸੁੱਕੀਆਂ ਕਮਾਣਾਂ ਬਣਾ ਧਰੇ। ਇਹ ਸਾਰੇ ਲੱਛਣ ਕੌਮੀ ਬਰਾਦਰੀ ਨੂੰ ਜਾਂਦੇ ਹਨ। ਪੰਜਾਬ ਖਾਲੀ ਹੋ ਰਿਹਾ ਹੈ ਤੇ ਏਥੇ ਯੂ. ਪੀ., ਬਿਹਾਰ ਦੇ ਭਈਏ ਭਰੇ ਜਾ ਰਹੇ ਹਨ।[1]
2. ਪੰਜਾਬ ਖੇਤੀ ਪ੍ਰਧਾਨ ਦੇਸ਼ ਹੈ। ਜਦੋਂ ਖੇਤੀ ਦੀ ਜਿੰਦ ਜਾਨ ਪਾਣੀ ਹੀ ਖੋਹ ਲਿਆ, ਸੁੱਕਦਾ ਪੰਜਾਬੀ ਟਾਂਡਾ ਕਿੰਨੇ ਕੁ ਦਿਨ ਖਲੋਤਾ ਰਹੇਗਾ ? ਪਾਣੀ ਵਾਲੀ ਭਾਖੜੇ ਦੀ ਸਸਤੀ ਬਿਜਲੀ ਕੇਂਦਰ ਨੇ ਚੁਸਤੀ ਨਾਲ ਹੜੱਪ ਲਈ। ਸਾਢੇ ਨੌਂ ਲੱਖ ਟਿਊਬਵੈਲ ਤਿੰਨ ਤਿੰਨ ਵਾਰ ਹੋਰ ਹੋਰ ਡੂੰਘਾ ਕੀਤਾ ਜਾ ਚੁੱਕਾ ਫਿਅਲ ਹੋਣ ਤੇ ਆ ਚੁੱਕਾ ਹੈ। ਜਿਸ ਪੰਜਾਬ ਦੀ ਹਰਿਆਲੀ ਦੀਆਂ ਵਾਰਾਂ ਗਾਈਆਂ ਜਾਂਦੀਆਂ ਸਨ; ਉਹਦੇ ਵਿਹੜੇ ਅੰਤ ਅਖ਼ੀਰ ਭੁੱਖ ਦਾ ਹਾੜ ਹੀ ਬੋਲੇਗਾ। ਪੰਜਾਬ ਦੀ ਖ਼ੁਦਗਰਜ਼ ਕਾਂਗਰਸ ਨੇ ਆਪਣੇ ਹੀ ਭਰਾਵਾਂ ਨਾਲ ਰੱਜਵੀਂ ਗ਼ਦਾਰੀ ਤੇ ਧਰੋਅ ਕਮਾਇਆ ਹੈ। ਅਕਾਲੀ ਅਕਲੋਂ ਖਾਲੀ ਘਰ ਦੇ ਨਾ ਬਾਹਰ ਦੇ।...ਮੁੰਡੇ ਕੁੜੀਆਂ ਦੇ ਅੱਧ ਨੰਗੇ ਨਾਚ ਵੇਖਦੇ, ਲਫੰਡਰ ਸਾਧਾਂ ਸੰਤਾਂ ਦੇ ਭਾਂਡੇ ਮਾਂਝਦੇ, ਸਮਝੋ ਜਰੀ ਪੰਜਾਬੀ ਕੌਮ ਦੇ ਹੀ ਭਾਂਡੇ ਮਾਂਝ ਧਰੇ।...ਜਿਉਂ ਜਿਉਂ ਗਰੀਬੀ ਤੇ ਬੇਰੁਜ਼ਗਾਰੀ ਵਧੇਗੀ; ਭੁੱਖਾਂ ਤੇ ਗ਼ਦਾਰੀਆਂ ਅਮਰ ਵੇਲ ਵਾਂਗ ਪੰਜਾਬ ਦਾ ਲਹੂ ਚੂਸ ਲੈਣਗੀਆਂ। ਜੇ ਕੋਈ ਉਪਰਾਲਾ ਨਾ ਕੀਤਾ, ਕੌਮੀ ਹੋਣੀ ਅਵਸ਼ ਵਾਪਰੇਗੀ।[2]

ਉਪਰੋਕਤ ਕਥਨਾਂ ਵਿੱਚ ਬਿਰਤਾਂਤਕਾਰ ਨੇ ਪਹਿਲੀ ਸਮੱਸਿਆ ਇਹ ਸਾਹਮਣੇ ਲਿਆਂਦੀ ਹੈ ਕਿ ਪੰਜਾਬ ਕੋਲ ਵਿਚਾਰਧਾਰਕ ਰਾਜਨੀਤਕ ਆਗੂਆਂ ਦੀ ਘਾਟ ਹੈ; ਦੂਜੀ ਇਹ ਕਿ ਰਾਜ ਅਤੇ ਕੇਂਦਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੇ ਪੰਜਾਬ ਨੂੰ ਨਸ਼ਿਆਂ, ਬੇਰੁਜ਼ਗਾਰੀ ਅਤੇ ਗ਼ਰੀਬੀ ਦੀ ਦਲਦਲ ਵਿੱਚ ਧਕੇਲ ਦਿੱਤਾ ਹੈ; ਤੀਜੀ ਇਹ ਕਿ ਪੰਜਾਬ ਦਾ ਨੌਜਵਾਨ ਵਰਗ ਕਿਰਤ ਨਾਲੋਂ ਟੁੱਟ ਚੁੱਕਾ ਹੈ ਅਤੇ ਅਮੀਰ ਬਣਨ ਦੇ ਸੁਪਨੇ ਲੈ ਕੇ ਵਿਦੇਸ਼ੀ ਧਰਤੀਆਂ ਉੱਤੇ ਧੱਕੇ ਖਾਹ ਰਿਹਾ ਹੈ ਅਤੇ ਚੌਥੀ ਇਹ ਕਿ ਪੰਜਾਬ ਵਿੱਚ ਖਪਤ ਸਭਿਆਚਾਰ ਆਪਣੇ ਪੈਰ ਪੂਰੀ ਤਰ੍ਹਾਂ ਪਸਾਰ ਚੁੱਕਾ ਹੈ ਅਤੇ ਡੇਰਾ ਸਭਿਆਚਾਰ ਨੇ ਪੰਜਾਬੀ ਬੰਦੇ ਦੇ ਮਨ-ਮਸਤਕ ਨੂੰ ਗ੍ਰਹਿਸ਼ਤ ਲਿਆ ਹੈ। ਇਸ ਤਰ੍ਹਾਂ ਦੀ ਫਿਕਰਮੰਦੀ ਅਤੇ ਦ੍ਰਿਸ਼ਟੀ ਰੱਖਣ ਕਰਕੇ ਹੀ ਕੰਵਲ ਨੂੰ ਪੰਜਾਬ ਦਾ ਹਾਮਦਾ-ਨਾਅਰਾ ਮਾਰਨ ਵਾਲਾ ਬੁਲਾਰਾ ਕਿਹਾ ਜਾਂਦਾ ਹੈ। ਅਗਰ ਉਸ ਦੇ ਇਸ ਦ੍ਰਿਸ਼ਟੀਕੋਣ ਨੂੰ ਦੂਰਅੰਦੇਸ਼ੀ ਨਾਲ ਦੇਖੀਏ ਤਾਂ ਇਹ ਇੱਕ ਪਾਸੜ ਜਾਪਦਾ ਹੈ ਕਿਉਂਕਿ, ਉਹ ਪੰਜਾਬ ਦੀ ਮੌਜੂਦਾ ਸਥਿਤੀ ਨੂੰ ਸੁਧਾਰਨ ਲਈ ਸਿਰਫ ਕਿਸਾਨੀ ਜਮਾਤ ਨੂੰ ਹੀ ਅਹਿਮੀਅਤ ਦਿੰਦਾ ਹੈ। ਪੰਜਾਬ ਵਿੱਚ ਡੇਰਾ ਸਭਿਆਚਾਰ ਕਿਉਂ ਉਭਰਿਆ ਅਤੇ ਪੰਜਾਬ ਵਿੱਚ ਰਹਿੰਦੇ ਵੱਖ-ਵੱਖ ਤਬਕਿਆਂ ਨੇ ਇਨ੍ਹਾਂ ਡੇਰਿਆਂ ਨੂੰ ਆਪਣੀ ਢਾਰਸ ਲਈ ਕਿਉਂ ਚੁਣਿਆਂ ? ਅਜਿਹੇ ਸਵਾਲਾਂ ਬਾਰੇ ਬਿਰਤਾਂਤਕਾਰ ਚੁੱਪ ਹੈ। ਇੰਝ ਹੀ, ਉਹ ਪੂਰਬੀ ਪ੍ਰਦੇਸ਼ਾਂ ਤੋਂ ਆਏ ਮਜ਼ਦੂਰ ਵਰਗ ਨੂੰ ਆਪਣੀ ਕੌਮ ਦੀਆਂ ਗਲਤੀਆਂ ਦਾ ਜ਼ਿੰਮੇਵਾਰ ਠਹਿਰਾਉਂਦਾ ਹੈ ਅਤੇ ਉਨ੍ਹਾਂ ਲਈ ਅਪਸ਼ਬਦਾਵਲੀ ਦੀ ਵਰਤੋਂ ਵੀ ਕਰਦਾ ਹੈ। ਅਜਿਹਾ ਵਤੀਰਾ ਨਾ ਮਨੁੱਖ ਪੱਖੀ ਹੈ ਨਾ ਵਿਕਾਸ ਪੱਖੀ। ਇਸ ਦੇ ਸਮਾਨਾਂਤਰ ਜੇਕਰ ਇਸ ਵਰਗ ਦਾ ਖੇਤੀ ਅਤੇ ਉਦਯੋਗ ਖੇਤਰ ਵਿੱਚ ਯੋਗਦਾਨ ਦੇਖਿਆ ਜਾਵੇ ਤਾਂ ਪੰਜਾਬ ਦੀ ਆਰਥਿਕਤਾ ਨੂੰ ਤੋੜਨ ਵਾਲਾ ਨਹੀਂ ਸਗੋਂ ਉਸ ਵਿੱਚ ਵਾਧਾ ਕਰਨ ਵਾਲਾ ਹੈ। ਸਮੱਸਿਆਵਾਂ ਮਿਥਣ, ਸਮੱਸਿਆਵਾਂ ਦੇ ਕਾਰਨ ਖੋਜਣ ਅਤੇ ਇਨ੍ਹਾਂ ਦੇ ਹੱਲ ਲਈ ਹੁੰਗਾਰੇ ਭਰਨਾ ਤਾਂ ਵਾਜਿਬ ਹੈ ਪਰ ਇਨ੍ਹਾਂ ਲਈ ਇੱਕ ਸਾਰਥਕ ਦ੍ਰਿਸ਼ਟੀਕੋਣ ਦਾ ਹੋਣਾ ਜ਼ਰੂਰੀ ਹੈ।

ਬਿਰਤਾਂਤਕਾਰ ਪੰਜਾਬ ਦੀ ਇਸ ਤਰ੍ਹਾਂ ਦੀ ਮੰਦਹਾਲੀ ਲਈ ਭਾਰਤੀ ਸਮਾਜ ਦੀ ਚੁਸਤ-ਚਲਾਕ ਜਮਾਤ ਹਿੰਦੂ/ਬਾਣੀਆਂ ਨੂੰ ਕਸੂਰਵਾਰ ਦੱਸਦਾ ਹੈ। ਪਾਠਾਂ ਵਿਚਲੀ ਵਿਆਖਿਆ ਅਨੁਸਾਰ